# ਸੈਂਟਰ ਫ਼ਾਰ ਡਿਸਟੈਂਸ ਐਂਡ ਆਨਲਾਈਨ ਐਜੂਕੇਸ਼ਨ
# ਪੰਜਾਬੀ ਯੂਨੀਵਰਸਿਟੀ, ਪਟਿਆਲਾ

## ਪ੍ਰੋਜੈਕਟ ਫੈਲੋ ਦੀ ਅਸਥਾਈ ਆਸਾਮੀ ਲਈ ਇਸ਼ਤਿਹਾਰ

**ਖੋਜ ਪ੍ਰੋਜੈਕਟ ਦਾ ਨਾਮ:** ਪੰਜਾਬ ਵਿੱਚੋਂ ਨਾਰੀ ਦਾ ਸੁਤੰਤਰ ਪਰਵਾਸ : ਸਿੱਖਿਆ, ਸਾਹਿਤ ਤੇ ਸੱਭਿਆਚਾਰ ਉੱਪਰ ਪ੍ਰਭਾਵ

**ਫੰਡਿੰਗ ਸਕੀਮ:** RUSA-2 ਕੰਪੋਨੈਂਟ-10: Research, Innovation and Quality Improvement

**ਪ੍ਰਿੰਸੀਪਲ ਇਨਵੈਸਟੀਗੇਟਰ:** ਡਾ. ਗੁਰਪ੍ਰੀਤ ਕੌਰ

**ਕੋ-ਪ੍ਰਿੰਸੀਪਲ ਇਨਵੈਸਟੀਗੇਟਰ:** ਡਾ. ਕਮਲਪ੍ਰੀਤ ਕੌਰ ਤੂਰ

ਉਪਰੋਕਤ ਖੋਜ ਪ੍ਰੋਜੈਕਟ ਅਧੀਨ 25000/- ਰੁਪਏ ਮਹੀਨਾਵਾਰ ਫੈਲੋਸ਼ਿਪ ਨਾਲ ਇੱਕ ਪ੍ਰੋਜੈਕਟ ਫੈਲੋ ਦੀ ਅਸਥਾਈ ਰੂਪ ਵਿੱਚ ਮਿਤੀ 31/3/2026 ਤੱਕ ਨਿਯੁਕਤੀ ਕੀਤੀ ਜਾਣੀ ਹੈ। ਇਸ ਆਸਾਮੀ ਲਈ ਯੋਗਤਾਵਾਂ ਹੇਠ ਲਿਖੇ ਅਨੁਸਾਰ ਹਨ:

ਐੱਮ. ਏ. (ਪੰਜਾਬੀ) [ਐੱਮ. ਏ. (ਪੰਜਾਬੀ) ਨਾਲ ਬੀ.ਐੱਡ. ਪਾਸ ਉਮੀਦਵਾਰ ਨੂੰ ਤਰਜੀਹ ਦਿੱਤੀ ਜਾਵੇਗੀ।]

**ਨਿਯਮ ਅਤੇ ਸ਼ਰਤਾਂ:**

1. ਇਹ ਪ੍ਰੋਜੈਕਟ ਪੰਜਾਬ ਸਰਕਾਰ ਦੀ ਰੂਸਾ-II ਗ੍ਰਾਂਟ ਅਧੀਨ ਫੰਡ ਕੀਤਾ ਗਿਆ ਹੈ। ਇਸ ਲਈ ਫੈਲੋਸ਼ਿਪ ਪੰਜਾਬ ਸਰਕਾਰ ਦੇ ਰੂਸਾ ਦਫ਼ਤਰ ਦੁਆਰਾ ਦਿੱਤੀ ਜਾਵੇਗੀ।
2. ਫੈਲੋਸ਼ਿਪ ਦੀ ਜ਼ਿੰਮੇਵਾਰੀ ਨਾਂ ਤਾਂ ਪੰਜਾਬੀ ਯੂਨੀਵਰਸਿਟੀ ਪਟਿਆਲਾ ਦੀ ਹੋਵੇਗੀ ਅਤੇ ਨਾਂ ਹੀ ਪ੍ਰੋਜੈਕਟ ਦੇ PI/CO-PI ਦੀ ਹੋਵੇਗੀ । ਮਹੀਨਾਵਾਰ ਫੈਲੋਸ਼ਿਪ ਦੇ ਬਿੱਲ ਫੈਲੋਸ਼ਿਪ ਜਾਰੀ ਕਰਨ ਵਾਸਤੇ ਪੰਜਾਬ ਸਰਕਾਰ ਦੇ ਸਬੰਧਤ ਦਫ਼ਤਰ ਨੂੰ ਭੇਜੇ ਜਾਣਗੇ। ਫੈਲੋਸ਼ਿਪ ਬਿੱਲ ਪਾਸ ਹੋਣ ਵਿੱਚ ਸਮਾਂ ਲੱਗ ਸਕਦਾ ਹੈ। ਜੇਕਰ ਕਿਸੇ ਵੀ ਕਾਰਨ ਕਰਕੇ ਸਬੰਧਤ ਦਫ਼ਤਰ ਦੁਆਰਾ ਫੈਲੋਸ਼ਿਪ ਦੀ ਵੰਡ ਪ੍ਰਭਾਵਿਤ ਹੁੰਦੀ ਹੈ, ਤਾਂ ਪੰਜਾਬੀ ਯੂਨੀਵਰਸਿਟੀ ਪਟਿਆਲਾ ਜਾਂ PI/CO-PI ਫੈਲੋਸ਼ਿਪ ਦੇ ਭੁਗਤਾਨ ਲਈ ਜ਼ਿੰਮੇਵਾਰ ਨਹੀਂ ਹੋਣਗੇ।
3. ਜੇਕਰ ਫੰਡਿੰਗ ਏਜੰਸੀ ਦੁਆਰਾ ਖੋਜ ਪ੍ਰੋਜੈਕਟ ਦੀ ਮਿਆਦ ਵਿੱਚ ਵਾਧਾ ਕੀਤਾ ਜਾਂਦਾ ਹੈ ਤਾਂ ਜ਼ਰੂਰਤ ਅਨੁਸਾਰ ਪ੍ਰੋਜੈਕਟ ਫੈਲੋ ਦੀ ਅਸਥਾਈ ਆਸਾਮੀ 'ਤੇ ਨਿਯੁਕਤੀ ਦੀ ਮਿਆਦ ਨੂੰ ਵਧਾਇਆ ਜਾ ਸਕਦਾ ਹੈ।
4. ਇਹ ਨਿਯੁਕਤੀ ਪੂਰੀ ਤਰ੍ਹਾਂ ਅਸਥਾਈ ਹੈ ਅਤੇ ਉਮੀਦਵਾਰ ਇਸ ਨਿਯੁਕਤੀ ਦੇ ਅਧਾਰ 'ਤੇ ਯੂਨੀਵਰਸਿਟੀ ਵਿੱਚ ਨੌਕਰੀ ਦਾ ਦਾਅਵਾ ਨਹੀਂ ਕਰ ਸਕਦੇ।

ਉਪਰੋਕਤ ਯੋਗਤਾਵਾਂ ਪੂਰੀਆਂ ਕਰਨ ਵਾਲੇ ਚਾਹਵਾਨ ਉਮੀਦਵਾਰ ਇਹ ਇਸ਼ਤਿਹਾਰ ਛਪਣ ਦੇ 7 ਦਿਨਾਂ ਦੇ ਅੰਦਰ-ਅੰਦਰ ਆਪਣਾ ਬਾਇਓਡਾਟਾ ਹੇਠ ਲਿਖੇ ਈ-ਮੇਲ ਪਤੇ 'ਤੇ ਭੇਜ ਸਕਦੇ ਹਨ: **gurpreet_de@pbi.ac.in**

**ਨੋਟ:** ਯੋਗ ਉਮੀਦਵਾਰਾਂ ਨੂੰ ਈ-ਮੇਲ ਰਾਹੀਂ ਇੰਟਰਵਿਊ ਬਾਰੇ ਸੂਚਿਤ ਕੀਤਾ ਜਾਵੇਗਾ। ਇੰਟਰਵਿਊ ਵਿੱਚ ਸ਼ਾਮਲ ਹੋਣ ਲਈ ਕੋਈ ਸਫ਼ਰੀ ਭੱਤਾ ਨਹੀਂ ਦਿੱਤਾ ਜਾਵੇਗਾ। ਇੰਟਰਵਿਊ ਵਾਲੇ ਦਿਨ ਉਮੀਦਵਾਰਾਂ ਨੂੰ ਸਾਰੇ ਅਸਲ ਅਕਾਦਮਿਕ ਅਤੇ ਵਾਧੂ ਸਹਾਇਕ ਸਰਟੀਫਿਕੇਟ, ਚਾਰ ਪਾਸਪੋਰਟ ਸਾਈਜ਼ ਫੋਟੋਆਂ ਦੇ ਨਾਲ ਸਰਟੀਫਿਕੇਟਾਂ ਦੀਆਂ ਦੋ ਸਵੈ-ਪ੍ਰਮਾਣਿਤ ਫੋਟੋ ਕਾਪੀਆਂ ਲਿਆਉਣੀਆਂ ਜ਼ਰੂਰੀ ਹਨ।

(ਡਾ. ਗੁਰਪ੍ਰੀਤ ਕੌਰ)
ਪ੍ਰਿੰਸੀਪਲ ਇਨਵੈਸਟੀਗੇਟਰ ਖੋਜ ਪ੍ਰੋਜੈਕਟ